# ਮਾਰਚ-ਜੂਨ 2022 ਦੌਰਾਨ ਭਾਰਤ ਵਿੱਚ ਛੋਲਿਆਂ ਦਾ ਔਸਤ ਬਜ਼ਾਰ ਭਾਅ ਐਮ ਐਸ ਪੀ ਨਾਲੋਂ 11% ਘੱਟ

ਖੇਤੀ ਲਾਗਤਾਂ ਅਤੇ ਮੁੱਲ ਕਮਿਸ਼ਨ (ਸੀ ਏ ਸੀ ਪੀ) ਨੇ ਕਿਹਾ ਹੈ ਕਿ ਭਾਰਤ ਵਿੱਚ ਛੋਲਿਆਂ ਦੀਆਂ ਔਸਤ ਬਜ਼ਾਰ ਕੀਮਤਾਂ ਮੌਜੂਦਾ ਮੌਸਮ — ਹਾੜ੍ਹੀ ਮੰਡੀਕਰਨ ਮੌਸਮ 2022-23 — ਵਿੱਚ ਮਾਰਚ-ਜੂਨ 2022 ਮਿਆਦ ਦੌਰਾਨ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਨਾਲੋਂ 11.1% ਘੱਟ ਰਹੀਆਂ ਹਨ।

ਹਾੜ੍ਹੀ ਮੰਡੀਕਰਨ ਮੌਸਮ 2022-23 ਲਈ ਛੋਲਿਆਂ ਦਾ ਘੱਟੋ-ਘੱਟ ਸਮਰਥਨ ਮੁੱਲ 5,230 ਰੁਪਏ ਪ੍ਰਤੀ ਕੁਇੰਟਲ ਹੈ। ਆਗਾਮੀ ਹਾੜ੍ਹੀ ਮੰਡੀਕਰਨ ਮੌਸਮ 2023-24 ਲਈ, ਭਾਰਤ ਸਰਕਾਰ ਨੇ ਇਸਦਾ ਸਮਰਥਨ ਮੁੱਲ 105 ਰੁਪਏ ਵਧਾ ਕੇ 5,335 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਹੈ।

ਆਪਣੀ 'ਹਾੜ੍ਹੀ ਫਸਲਾਂ ਲਈ ਮੁੱਲ ਨੀਤੀ: ਮੰਡੀਕਰਨ ਮੌਸਮ 2023-24' ਵਿੱਚ, ਸੀ ਏ ਸੀ ਪੀ ਨੇ ਜ਼ਿਕਰ ਕੀਤਾ ਹੈ ਕਿ ਹਾੜ੍ਹੀ ਮੰਡੀਕਰਨ ਮੌਸਮ 2022-23 ਲਈ, ਜੂਨ 2022 ਵਿੱਚ ਛੋਲਿਆਂ ਦੀ ਸਭ ਤੋਂ ਘੱਟ ਕੀਮਤ 4,545 ਰੁਪਏ ਪ੍ਰਤੀ ਕੁਇੰਟਲ ਦਰਜ ਕੀਤੀ ਗਈ ਸੀ।

ਸੀ ਏ ਸੀ ਪੀ ਨੇ ਆਪਣੀ ਮੁੱਲ ਨੀਤੀ ਵਿੱਚ ਜ਼ਿਕਰ ਕੀਤਾ ਕਿ ਕਰਨਾਟਕ ਅਤੇ ਉੱਤਰ ਪ੍ਰਦੇਸ਼ ਵਿੱਚ ਕੁਝ ਦਿਨਾਂ ਨੂੰ ਛੱਡ ਕੇ ਮਾਰਚ 2022 ਦੌਰਾਨ ਸਾਰੇ ਰਾਜਾਂ ਵਿੱਚ ਛੋਲਿਆਂ ਦਾ ਬਜ਼ਾਰ ਭਾਅ ਘੱਟੋ-ਘੱਟ ਸਮਰਥਨ ਮੁੱਲ ਤੋਂ ਹੇਠਾਂ ਰਿਹਾ। ਹਾਲਾਂਕਿ, ਅਪ੍ਰੈਲ ਤੋਂ ਬਜ਼ਾਰ ਦੀਆਂ ਕੀਮਤਾਂ ਵਧਣੀਆਂ ਸ਼ੁਰੂ ਹੋ ਗਈਆਂ।

ਰਾਜਸਥਾਨ ਅਤੇ ਮੱਧ ਪ੍ਰਦੇਸ਼ ਨੂੰ ਛੱਡ ਕੇ, ਜਿੱਥੇ ਅਪ੍ਰੈਲ ਵਿੱਚ ਕੀਮਤਾਂ ਸਮਰਥਨ ਤੋਂ ਘੱਟ ਦਰਜ ਕੀਤੀਆਂ ਗਈਆਂ, ਬਾਕੀ ਦੇ ਮੰਡੀਕਰਨ ਮੌਸਮ ਦੌਰਾਨ ਛੋਲਿਆਂ ਦਾ ਬਜ਼ਾਰ ਭਾਅ ਐਮ ਐਸ ਪੀ ਦੇ ਲਾਗੇ ਬਣਿਆ ਰਿਹਾ।

ਹਾੜ੍ਹੀ ਮੰਡੀਕਰਨ ਮੌਸਮ 2022-23 ਦੌਰਾਨ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਦੇ ਮੁਕਾਬਲੇ ਕਰਨਾਟਕ ਅਤੇ ਯੂ ਪੀ ਵਿੱਚ ਛੋਲਿਆਂ ਦੇ ਬਜ਼ਾਰ ਭਾਅ ਵਿੱਚ ਵੱਧ ਉਤਾਰ-ਚੜ੍ਹਾਅ ਪਾਇਆ ਗਿਆ।

ਸੀ ਏ ਸੀ ਪੀ ਦੇ ਮੁਤਾਬਿਕ, ਹਾੜ੍ਹੀ ਮੰਡੀਕਰਨ ਮੌਸਮ 2022-23 ਦੌਰਾਨ, ਯੂ ਪੀ ਵਿੱਚ ਛੋਲਿਆਂ ਦਾ ਬਜ਼ਾਰ ਭਾਅ 23 ਦਿਨਾਂ ਲਈ ਐਮ ਐਸ ਪੀ ਦੇ ਬਰਾਬਰ ਜਾਂ ਇਸ ਤੋਂ ਉੱਪਰ ਹੋਣ ਦੀ ਸੂਚਨਾ ਮਿਲੀ। ਦਰਜ ਕੀਤੇ ਗਏ ਬਾਕੀ ਦਿਨਾਂ ਵਿੱਚ ਬਜ਼ਾਰ ਭਾਅ ਵਿੱਚ ਸਮਰਥਨ ਮੁੱਲ ਤੋਂ 5% ਘੱਟ ਦਾ ਫ਼ਰਕ ਦੇਖਿਆ ਗਿਆ ਹੈ।

ਅਜਿਹਾ ਹੀ ਰੁਝਾਨ ਕਰਨਾਟਕ ਵਿੱਚ ਦੇਖਿਆ ਗਿਆ ਹੈ, ਜਿੱਥੇ 109 ਦਰਜ ਕੀਤੇ ਗਏ ਦਿਨਾਂ ਵਿੱਚੋਂ 38 ਦੌਰਾਨ ਬਜ਼ਾਰ ਦੀਆਂ ਕੀਮਤਾਂ ਸਮਰਥਨ ਮੁੱਲ ਤੋਂ ਉੱਪਰ ਜਾਂ ਬਰਾਬਰ ਸੀ। ਕਰਨਾਟਕ ਵਿੱਚ ਬਜ਼ਾਰ ਦੀਆਂ ਕੀਮਤਾਂ ਅਤੇ ਐਮ ਐਸ ਪੀ ਦੇ ਵਿੱਚ ਔਸਤ ਫ਼ਰਕ -3.1% ਪਾਇਆ ਗਿਆ ਹੈ।

ਐਮ ਪੀ ਅਤੇ ਰਾਜਸਥਾਨ ਦੇ ਲਈ ਕਰੀਬ ਸਾਰੇ ਦਿਨਾਂ ਦੌਰਾਨ ਬਜ਼ਾਰ ਭਾਅ ਐਮ ਐਸ ਪੀ ਤੋਂ ਹੇਠਾਂ ਰਹੇ। ਐਮ ਪੀ ਅਤੇ ਰਾਜਸਥਾਨ ਵਿੱਚ ਬਜ਼ਾਰ ਭਾਅ ਅਤੇ ਸਮਰਥਨ ਮੁੱਲ ਵਿੱਚ ਔਸਤ ਅੰਤਰ ਕ੍ਰਮਵਾਰ -11.3% ਅਤੇ -13.6% ਸੀ।

**2022-23 ਹਾੜ੍ਹੀ ਮੰਡੀਕਰਨ ਮੌਸਮ (ਮਾਰਚ-ਜੂਨ 2023) ਦੌਰਾਨ ਪ੍ਰਮੁੱਖ ਉਤਪਾਦਕ ਰਾਜਾਂ ਵਿੱਚ ਛੋਲਿਆਂ ਦੇ ਐਮ ਐਸ ਪੀ ਦੇ ਮੁਕਾਬਲੇ ਬਾਜ਼ਾਰ ਭਾਅ**

| ਰਾਜ | ਰਿਪੋਰਟ ਕੀਤੇ ਬਾਜ਼ਾਰ ਭਾਅ ਦੇ ਦਿਨਾਂ ਦੀ ਗਿਣਤੀ | ਐਮ ਐਸ ਪੀ ਤੋਂ ਉੱਪਰ ਜਾਂ ਇਸਦੇ ਬਰਾਬਰ ਬਾਜ਼ਾਰ ਭਾਅ ਦੇ ਦਿਨਾਂ ਦੀ ਗਿਣਤੀ | ਬਾਜ਼ਾਰ ਭਾਅ ਅਤੇ ਐਮ ਐਸ ਪੀ ਦੇ ਵਿੱਚ ਔਸਤ ਅੰਤਰ (ਫ਼ੀਸਦੀ ਵਿੱਚ) |
|---|---|---|---|
| ਕਰਨਾਟਕ | 109 | 38 | -3.1 |
| ਮੱਧ ਪ੍ਰਦੇਸ਼ | 122 | 2 | -11.3 |
| ਉੱਤਰ ਪ੍ਰਦੇਸ਼ | 122 | 23 | -2.9 |
| ਰਾਜਸਥਾਨ | 120 | 0 | -13.6 |

***ਸ੍ਰੋਤ:*** *1) ਐਗਮਾਰਕਨੈਟ, ਮੰਡੀਕਰਨ ਅਤੇ ਨਿਰੀਖਣ ਡਾਇਰੈਕਟੋਰੇਟ, ਖੇਤੀਬਾੜੀ, ਸਹਿਕਾਰਤਾ ਅਤੇ ਕਿਸਾਨ ਭਲਾਈ ਵਿਭਾਗ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲਾ; 2) ਅਰਥਸ਼ਾਸਤਰ ਅਤੇ ਅੰਕੜਾ ਡਾਇਰੈਕਟੋਰੇਟ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲਾ*